**ਪੰਜਾਬ ਸਕੂਲ ਸਿੱਖਿਆ ਬੋਰਡ**

**ਸਰਕੂਲਰ**

ਨੰਬਰ: 3133/ਏ.ਪੀ

ਮਿਤੀ: 24-09-26

ਵੱਲ

ਪ੍ਰਿੰਸੀਪਲਜ਼

ਸਮੂਹ ਸਰਕਾਰੀ/ਅਰਧ-ਸਰਕਾਰੀ/ਪ੍ਰਾਈਵੇਟ/ਆਦਰਸ਼/ਐਸੋਸੀਏਟਿਡ/ਏਡਿਡ ਸਕੂਲਜ਼

ਮਿਤੀ 16-07-2026 ਨੂੰ ਜਾਰੀ ਸਰਕੂਲਰ ਨੰ. 2594/ਏ.ਪੀ. ਦੀ ਲਗਾਤਾਰਤਾ ਵਿੱਚ ਸਮੂਹ ਸਬੰਧਤਾਂ ਨੂੰ ਨਿਮਰਤਾ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਕੇਵਲ ਅਕਾਦਮਿਕ ਸਾਲ 2026-27 ਲਈ ਸ਼੍ਰੇਣੀਆਂ ਦਸਵੀਂ ਅਤੇ ਬਾਰ੍ਹਵੀਂ ਲਈ ਵਿਸ਼ਾ 'ਪੰਜਾਬ ਦਾ ਇਤਿਹਾਸ ਅਤੇ ਸੱਭਿਆਚਾਰ' ਹੀ Punjab History & Culture ਸਿਰਲੇਖ ਅਧੀਨ ਲਾਗੂ ਰਹੇਗਾ। 'ਪੰਜਾਬ ਦਾ ਇਤਿਹਾਸ ਅਤੇ ਸੱਭਿਆਚਾਰ' ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਬੋਰਡ ਦੀ ਪ੍ਰੀਖਿਆ ਲਈ ਵਿਸ਼ੇ ਵਿੱਚ 1/3 ਹਿੱਸਾ ਪੰਜਾਬੀ ਦਾ ਵੀ ਸ਼ਾਮਿਲ ਕੀਤਾ ਗਿਆ ਹੈ ਜੋ ਕਿ ਬ੍ਰਿਜ ਕੋਰਸ ਸਿਰਲੇਖ ਅਧੀਨ ਇਨ੍ਹਾਂ ਦੋਹੇਂ ਸ਼੍ਰੇਣੀਆਂ ਵਿੱਚ ਪੜ੍ਹਾਇਆ ਜਾਣਾ ਹੈ। ਬ੍ਰਿਜ ਕੋਰਸ ਦਾ ਪਾਠ-ਕ੍ਰਮ ਬੋਰਡ ਦੀ ਵੈੱਬ ਸਾਈਟ www.pseb.ac.in ਉੱਤੇ ਉਪਲੱਬਧ ਕਰਵਾਇਆ ਗਿਆ ਹੈ।

ਇਹ ਸੂਚਨਾਂ ਸਬੰਧਤਾਂ ਵੱਲੋਂ ਕੀਤੀ ਜਾਣ ਵਾਲੀ ਕਿਸੇ ਵੀ ਅਗਲੇਰੀ ਕਾਰਵਾਈ ਸੰਭਵ ਬਨਾਉਣ ਲਈ ਸਾਂਝੀ ਕੀਤੀ ਗਈ ਹੈ।

24/09/2026

ਉਪ ਸਕੱਤਰ (ਅਕਾਦਮਿਕ)